# ਝੂਠਾ ਮਦੁ ਮੂਲਿ ਨ ਪੀਚਈ

ਸਲੋਕ ਮਃ ੩ ॥

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥

ਇਹ ਸਲੋਕ 'ਬਿਹਾਗੜਾ ਕੀ ਵਾਰ ਮਹਲਾ ੪' ਵਿਚ, ੧੬ਵੀਂ ਪਉੜੀ ਦੇ ਨਾਲ ਅੰਕਤ ਕੀਤੇ ਗਏ ਸਲੋਕਾਂ ਵਿਚੋਂ ਪਹਿਲਾ ਸਲੋਕ ਹੈ। ਇਹ ਸਲੋਕ ਤੀਜੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੫੫੪ ਤੇ ਸੁਭਾਇਮਾਨ ਹੈ। ਇਸ ਵਾਰ ਵਿਚ, ਜ਼ਿਆਦਾਤਰ ਸਲੋਕ, ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਸ਼ਾਮਲ ਕੀਤੇ ਗਏ ਹਨ। 'ਬਿਹਾਗੜਾ ਕੀ ਵਾਰ ਮਹਲਾ ੪' ਦਾ ਇਸ਼ਾਰਾ ਇਹ ਬਣਦਾ ਹੈ ਕਿ ਇਸ ਵਾਰ ਦੀਆਂ ਪਉੜੀਆਂ, ਚੌਥੇ ਪਾਤਸ਼ਾਹ ਦੀਆਂ ਉਚਾਰਣ ਕੀਤੀਆਂ ਹੋਈਆਂ ਹਨ। ਹਰ ਇਕ ਵਾਰ ਵਿਚ, ਵਖ ਵਖ ਸਲੋਕ, ਵਖ ਗੁਰੂ ਸਾਹਿਬਾਨ ਦੇ, ਤਾਂ ਉਨ੍ਹਾਂ ਦੀਆਂ ਪਉੜੀਆਂ ਦਾ ਭਾਵ ਸਪੱਸ਼ਟ ਕਰਣ ਲਈ ਸ਼ਾਮਲ ਕੀਤੇ ਹੁੰਦੇ ਹਨ।

**ਅਰਥ** : ਸ਼ਰਾਬ ਖ਼ਾਨੇ ਵਿਚੋਂ, ਮਨੁਖ ਵਡਾ ਭਾਂਡਾ ਭਰ ਲਿਆਉਂਦਾ ਹੈ ਅਤੇ ਘਰ ਆ ਕੇ, ਆਪਣਾ, ਸ਼ਰਾਬ ਪੀਣ ਦਾ ਛੋਟਾ ਭਾਂਡਾ ਭਰ ਲੈਂਦਾ ਹੈ। ਇੰਵ, ਸ਼ਰਾਬ ਪੀਵੀ ਜਾ ਰਿਹਾ ਹੈ।

-- ਜਿਸ ਸ਼ਰਾਬ ਦੇ ਪੀਣ ਨਾਲ ਮਨੁਖ ਦੀ ਮੱਤ ਦੂਰ ਹੁੰਦੀ ਹੈ ਅਤੇ ਸ਼ੁਦਾਈ ਹੋ ਜਾਏ, ਜਾਂ ਝੱਲਪੁਣਾ ਆ ਜਾਏ...

ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥

**ਅਰਥ** : ਇਸ ਦੇ ਪੀਣ ਨਾਲ ਮਨੁਖ ਦੀ ਆਪਣੇ ਪਰਾਏ ਦੀ ਸਮਝ ਗੁਆਚ ਜਾਂਦੀ ਹੈ ਅਤੇ ਖਸਮ ਪ੍ਰਭੂ ਵਲੋਂ ਲੋਕ ਪਰਲੋਕ ਧੱਕੇ ਪੈਂਦੇ ਹਨ...

-- ਇਸ ਦੇ ਪੀਣ ਨਾਲ ਖਸਮ ਪ੍ਰਭੂ ਦੀ ਯਾਦ ਭੁਲ ਜਾਂਦੀ ਅਤੇ ਉਸ ਦੀ ਦਰਗਾਹ ਦੇ ਵਿਚ ਸਜ਼ਾ ਮਿਲਦੀ ਹੈ...

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੫੫੩ ਤੇ, ਫ਼ੁਰਮਾਣ ਕਰਦੇ ਹਨ ਕਿ ਇਸ ਸ਼ਰਾਬ ਦੇ ਪੀਣ ਨਾਲ ਬਹੁਤ ਵਿਕਾਰ ਪੈਦਾ ਹੁੰਦੇ ਹਨ - 'ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ।।' ਪਰ ਨਾਲ ਹੀ ਫ਼ੁਰਮਾਣ ਕਰਦੇ ਹਨ ਕਿ ਸਾਧੂ ਸੰਗਤਿ ਦੇ ਮਿਲਾਪ ਨਾਲ, ਹਰੀ ਨਾਮ ਵਿਚ ਲਗੀ ਲਿਵ ਰੂਪੀ ਕਟੋਰੀ ਵਿਚ, ਭਰ ਕੇ ਨਾਮ ਅੰਮ੍ਰਿਤ ਪੀ ਕੇ ਵਿਕਾਰ ਕਟੇ ਜਾਂਦੇ ਹਨ - 'ਸਤ ਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ।।'

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥

ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥

**ਅਰਥ** : ਅਜਿਹਾ ਝੂਠਾ ਨਸ਼ਾ ਕਰਣ ਵਾਲੀ ਸ਼ਰਾਬ ਬਿਲਕੁਲ ਮੂਲੋਂ ਹੀ ਨ ਪੀਵੀਏ, ਜਿਸ ਦੇ ਪੀਣ ਨਾਲ ਮਨੁਖ, ਆਪਣੇ ਵਸ ਤੋਂ ਬਾਹਰ ਹੋ ਜਾਂਦਾ ਹੈ।

'ਮੂਲਿ' ਸ਼ਬਦ ਲਗਾਉਣ ਦਾ ਅਰਥ ਇਹ ਹੋਇਆ ਕਿ ਭਾਵੇਂ, ਸ਼ਰਾਬ ਆਦਿ ਨਸ਼ਿਆਂ ਦੀ ਮਾਤਰਾ ਕਿੰਨੀ ਵੀ ਥੋੜੀ ਕਿਉਂ ਨਾ ਹੋਵੇ, ਇਹ ਪੀਣੀ ਉਚਿਤ ਨਹੀਂ। ਗਲ ਇਕੱਲੀ ਸ਼ਰਾਬ ਦੀ ਨਹੀਂ ਬਲਕਿ ਅਜਿਹੇ ਸਾਰੇ ਨਸ਼ਿਆਂ ਨਾਲ ਹੈ। 'ਮਦੁ' ਸ਼ਬਦ ਸਾਰੇ ਨਸ਼ਿਆਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸੇ ਤਰ੍ਹਾਂ ਚਾਰ ਬਜਰ ਕੁਰਹਿਤਾਂ ਵਿਚ '**ਤੰਬਾਕੂ**' ਸ਼ਬਦ ਵੀ ਸਾਰੇ ਨਸ਼ਿਆਂ ਦੀ ਪ੍ਰਤੀਨਿਧਤਾ ਕਰਦਾ ਹੈ। ਗੁਰਮਤਿ ਅਨੁਸਾਰ ਪ੍ਰਸ਼ਾਦੇ ਤੋਂ ਇਲਾਵਾ ਹਰ ਤਰ੍ਹਾਂ ਦਾ ਨਸ਼ਾ ਵਰਜਤ ਹੈ।

ਇਸ ਤੋਂ ਉਲਟ, ਪ੍ਰਭੂ ਦੀ ਪ੍ਰੇਮਾ-ਭਗਤੀ ਅਤੇ ਭੈਅ ਵਿਚ ਚਲਣ ਨਾਲ, ਸਚਾ ਨਸ਼ਾ ਅਤੇ ਮਸਤੀ ਪ੍ਰਾਪਤ ਹੁੰਦੇ ਹਨ, ਜਿਸ ਨਾਲ, ਮਨੁਖ ਦੀ ਮੱਤ ਨਹੀਂ ਮਾਰੀ ਜਾਂਦੀ, ਸਗੋਂ, ਉਹ ਮਸਤ-ਅਲਮਸਤ ਹੋ ਕੇ ਵੀ ਸਦਾ ਹੁਸ਼ਿਆਰ ਰਹਿੰਦਾ ਹੈ, ਬਾਂਵਰਾ ਜਾਂ ਸ਼ੁਦਾਈ ਨਹੀਂ ਹੋ ਜਾਂਦਾ। ਭਾਈ ਗੁਰਦਾਸ ਜੀ ਦਾ ਕਥਨ ਹੈ - 'ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ।।', ਵਾਰ ੧੧:੧.

ਭਗਤ ਰਵਿਦਾਸ ਜੀ, ਪੰਨਾ ੧੨੯੩ ਤੇ ਫ਼ੁਰਮਾਣ ਕਰਦੇ ਹਨ ਕਿ ਸ਼ਰਾਬ, ਭਾਵੇਂ ਗੰਗਾ ਦੇ ਜਲ ਦੀ ਕਿਉਂ ਨਾ ਬਣੀ ਹੋਵੇ, ਵਾਹਗੁਰੂ ਦੇ ਭਗਤ ਜਨ ਇਸ ਨੂੰ ਗ੍ਰਹਿਣ ਨਹੀਂ ਕਰਦੇ। ਪਰ ਜੇ ਸ਼ਰਾਬ, ਗੰਗਾ ਵਿਚ ਜਾ ਰਲੇ ਤਾਂ ਉਸ ਤੋਂ ਵਖਰੀ ਨਹੀਂ ਰਹਿ ਜਾਂਦੀ, ਭਾਵ, ਅਤਿਅੰਤ ਪਾਪੀ, ਗੰਦਾ ਮਨੁਖ ਵੀ, ਸੰਤ ਜਨ ਦੀ ਸੰਗਤਿ ਕਰਦਿਆਂ ਪਵਿਤਰ ਹੋ ਜਾਂਦਾ ਹੈ - 'ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ।। ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ।।'

ਭਗਤ ਕਬੀਰ ਜੀ ਨੇ, ਪੰਨਾ ੧੩੭੭ ਤੇ ਸਪੱਸ਼ਟ ਤੌਰ ਤੇ ਆਗਾਹ ਕੀਤਾ ਹੈ ਕਿ ਜੋ ਜੋ ਪ੍ਰਾਣੀ ਭੰਗ ਆਦਿ ਨਸ਼ੇ, ਮਛੀ ਆਦਿ ਮਾਸ, ਅਤੇ ਸ਼ਰਾਬ ਦਾ ਸੇਵਨ ਕਰਦੇ ਹਨ, ਉਨ੍ਹਾਂ ਦੇ, ਸਾਰੇ ਕੀਤੇ ਧਰਮ ਕਰਮ, ਤੀਰਥ ਵਰਤ ਅਤੇ ਹੋਰ ਨੇਮ ਕੀਤੇ ਸਾਰੇ ਖੂਹ ਵਿਚ ਪੈ ਜਾਂਦੇ ਹਨ, ਭਾਵ, ਜ਼ਾਇਆ ਹੋ ਜਾਂਦੇ ਹਨ - 'ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ।। ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ।।'

-- ਤੀਜੇ ਨਾਨਕ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਨੂੰ ਸਚੇ ਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ, ਉਨ੍ਹਾਂ ਨੂੰ, ਉਸ ਦੀ ਮਿਹਰ ਨਾਲ, ਸਚਾ ਨਾਮ ਦਾ ਨਸ਼ਾ ਮਿਲ ਜਾਂਦਾ ਹੈ, ਜਿਸ ਨੂੰ ਉਹ ਸਦਾ ਹੀ ਮਾਣਦੇ ਰਹਿੰਦੇ ਹਨ।

ਭਗਤ ਕਬੀਰ ਜੀ, ਪੰਨਾ ੯੬੯ ਤੇ, ਫ਼ੁਰਮਾਣ ਕਰਦੇ ਹਨ ਕਿ' ਮੈਨੂੰ ਤਾਂ ਨਾਮ ਰਸ ਦੇ ਝਰਨੇ ਦੀ ਸਿਧੀ ਨਿਰਮਲ ਧਾਰ ਪ੍ਰਾਪਤ ਹੋ ਰਹੀ ਹੈ। ਮੇਰਾ ਮਨ ਤਾਂ ਉਸ ਰਸ ਵਿਚ ਓਤ ਪੋਤ ਹੋ ਗਿਆ ਹੈ'। ਬਾਕੀ ਸ਼ਰਾਬ ਆਦਿ ਸਾਰੇ ਨਸ਼ੇ ਹੋਛੇ ਹਨ, ਇਹੀ ਨਾਮ ਦਾ ਰਸ ਹੀ ਸਚਾ ਹੈ - 'ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ।। ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ।।'

## ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥੧॥

**ਅਰਥ** : ਮਾਇਆ ਦੇ ਅਨੇਕ ਤਰ੍ਹਾਂ ਦੇ ਝੂਠੇ ਨਸ਼ਿਆਂ ਆਦਿ ਨੂੰ ਤਿਆਗ ਕੇ ਜੋ ਮਨੁਖ ਸਦਾ ਉਸ ਸਾਹਿਬ ਪ੍ਰਭੂ ਦੇ ਨਾਮ ਅਤੇ ਪ੍ਰੀਤ ਦੇ ਰੰਗ ਵਿਚ ਰੰਗੇ ਰਹਿੰਦੇ ਨੇ, ਪ੍ਰਭੂ ਦੇ ਮਹਿਲ, ਦਰਗਾਹ ਵਿਚ ਉਨ੍ਹਾਂ ਨੂੰ ਥਾਂ ਮਿਲ ਜਾਂਦੀ ਹੈ।੧।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੩੦ ਤੇ, ਫ਼ੁਰਮਾਣ ਕਰਦੇ ਹਨ ਕਿ ਕਿ ਹੇ ਭਾਈ ! ਗੁਰੂ ਅਨੁਸਾਰੀ ਹੋ ਕੇ ਹਰੀ ਪ੍ਰਭੂ ਦਾ ਨਾਮ ਧਿਆਏਂਗਾ ਤਾਂ ਨਾਮ ਦਾ ਖ਼ਜ਼ਾਨਾ ਹਮੇਸ਼ਾਂ ਲਈ, ਹਿਰਦੇ ਵਿਚ ਵਸ ਜਾਏਗਾ ਅਤੇ ਪ੍ਰਭੂ ਦੇ ਮਹਿਲ ਵਿਚ ਥਾਂ ਪ੍ਰਾਪਤ ਹੋ ਜਾਏਗੀ - 'ਭਾਈ ਰੇ ! ਗੁਰਮੁਖਿ ਹਰਿ ਨਾਮੁ ਧਿਆਇ।। ਨਾਮੁ ਨਿਧਾਨੁ ਸਦ ਮਨਿ ਵਸੈ  ਮਹਲੀ ਪਾਵੈ ਥਾਉ।।' ਦਰਗਾਹ ਵਿਚ ਥਾਂ ਮਿਲ ਜਾਣੀ, ਪਰਮ ਪ੍ਰਾਪਤੀ ਹੈ।

ਪੰਚਮ ਪਾਤਸ਼ਾਹ, ਪੰਨਾ ੩੯੯ ਤੇ  ਫ਼ੁਰਮਾਣ ਕਰਦੇ ਹਨ ਕਿ ਖੋਟੀ ਮੱਤ ਵਾਲੇ ਮਨੁਖ, ਜੋ ਸ਼ਰਾਬ ਪੀਣ ਲੱਗ ਪੈਂਦੇ ਹਨ, ਉਨ੍ਹਾਂ ਦੀ ਮੱਤ ਨੀਵੇਂ ਦਰਜੇ ਦੀ ਹੋ ਜਾਂਦੀ ਹੈ ਅਤੇ ਉਹ ਦੁਰਾਚਾਰੀ ਹੋ ਜਾਂਦੇ ਹਨ। ਪਰ ਜੋ ਰਾਮ ਦੇ ਨਾਮ ਦੀ ਔਸ਼ਧੀ, ਭਾਵ, ਪ੍ਰਭੂ ਸਿਮਰਣ ਵਿਚ ਰੰਗੇ ਜਾਂਦੇ ਹਨ, ਉਹ ਹੀ ਅਸਲੀ ਅਮਲੀ ਹੁੰਦੇ ਹਨ, ਜਿਨ੍ਹਾਂ ਦਾ ਸਿਮਰਣ ਕਦੇ ਛੁਟਦਾ ਨਹੀਂ - 'ਦੁਰਮਤਿ ਮਦੁ  ਜੋ ਪੀਵਤੇ ਬਿਖਲੀ ਪਤਿ ਕਮਲੀ।। ਰਾਮ ਰਸਾਇਣਿ ਜੋ ਰਤੇ  ਨਾਨਕ  ਸਚ ਅਮਲੀ।।'

8.8.2020